ਐਤਵਾਰ
31, ਜਨਵਰੀ 2010
19 ਮਾਘ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 290,
ਸਾਲ 25
Postal Regd. No.
PB/0007/09-2011

www.ajdiawaaz.com ਪੰਜਾਬ ਦੀ ਉਮੀਦ info@ajdiawaaz.com

5 ਰਿਜ਼ਰਵ ਬਟਾਲੀਅਨਾਂ ਲਈ ਰੱਖਿਆ ਮੰਤਰਾਲਾ ਦੇਵੇ ਪ੍ਰਵਾਨਗੀ-ਬਾਦਲ

... ਸਰਹੱਦ ਪਾਰ ਤੋਂ ਹੋ ਰਹੀ ਘੁਸਪੈਠ ਰੋਕਣ ਲਈ

ਨਵੀਂ ਦਿੱਲੀ/ਚੰਡੀਗੜ੍ਹ, 30 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਨੂੰ ਸਰਹਦੋਂ ਪਾਰਲੇ ਅੱਤਵਾਦ ਨਾਲ ਪ੍ਰਭਾਵੀ ਢੰਗ ਨਾਲ ਨਿਪਟਣ ਅਤੇ ਰਾਜ ਵਿਚ ਕਾਨੂੰਨ ਵਿਵਸ਼ਥਾ ਨੂੰ ਬਣਾਈ ਰਖਣ ਲਈ ਅਗਲੇ ਤਿੰਨ ਸਾਲਾਂ ਵਿਚ 5 ਇੰਡੀਅਨ ਰਿਜ਼ਰਵ ਬਟਾਲੀਅਨਾਂ ਖੜ੍ਹੀਆਂ ਕਰਨ ਦੀ ਅਪੀਲ ਕੀਤੀ ਹੈ। ਸ. ਬਾਦਲ ਇਸ ਸਬੰਧ ਵਿਚ ਕੇਂਦਰੀ ਗ੍ਰਹਿ ਮੰਤਰੀ ਨੂੰ ਨਵੀਂ ਦਿੱਲੀ ਵਿਖੇ ਉਹਨਾਂ ਦੇ ਨਿਵਾਸ ਸਥਾਨ ਵਾਲੇ ਦਫਤਰ ਵਿਚ ਸੁਕਰਵਾਰ ਨੂੰ ਮਿਲੇ ਅਤੇ ਉਹਨਾਂ ਨੂੰ ਦੱਸਿਆ ਕਿ ਇਕ ਆਈ.ਆਰ.ਬੀ. ਬਟਾਲੀਅਨ ਖੜ੍ਹੀ ਕਰਨ ਲਈ ਤਕਰੀਬਨ 20 ਤੋਂ 22 ਕਰੋੜ ਰੁਪਏ ਖਰਚ ਆਉਂਦਾ ਹੈ। ਇਕ ਬਟਾਲੀਅਨ ਦਾ ਸਲਾਨਾ ਆਵਰਤਕ ਖਰਚਾ ਤਕਰੀਬਨ 26 ਕਰੋੜ ਰੁਪਏ ਹੈ। ਉਹਨਾਂ ਨੇ ਮੰਤਰਾਲੇ ਕੋਲੋ ਇਹਨਾਂ ਬਟਾਲੀਅਨਾਂ ਦਾ ਆਵਰਤਕ ਖਰਚਾ ਸਹਿਣ ਕਰਨ ਲਈ ਪ੍ਰਵਾਨਗੀ ਦੀ ਮੰਗ ਕੀਤੀ ਹੈ। ਮੀਟਿੰਗ ਦੀ ਵਿਸਤ੍ਰਤ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸ੍ਰੀ ਹਰਚਰਨ ਬੈਂਸ ਨੇ ਦਸਿਆ ਕਿ ਸ. ਬਾਦਲ ਨੇ ਗ੍ਰਹਿ ਮੰਤਰੀ ਨੂੰ ਲੁਧਿਆਣਾ ਵਿਖੇ ਮੈਗਾ ਸਿਟੀ ਪੁਲਸਿੰਗ ਪ੍ਰਾਜੈਕਟ ਲਈ 21.78 ਕਰੋੜ ਰੁਪਏ ਦੀ ਗ੍ਰਾਂਟ ਦੇਣ ਲਈ ਵੀ ਆਖਿਆ। ਸ. ਬਾਦਲ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਹੁਸੈਨੀਵਾਲਾ ਵਿਖੇ ਆਉਣ ਵਾਲਿਆਂ ਲਈ ਸੁਵਿਧਾਵਾਂ ਦਾ ਪੱਧਰ ਉਚਾ ਚੁੱਕਣ ਦਾ ਵੀ ਇਕ ਮਹੱਤਵ ਪੂਰਨ ਮੁੱਦਾ ਵੀ ਉਠਾਇਆ। ਉਹਨਾਂ ਨੇ ਰੀਟਰੀਟ ਸੈਰੀਮਨੀ ਦੇਖਣ ਆਉਣ ਵਾਲੇ ਹਜਾਰਾਂ ਲੋਕਾਂ ਲਈ ਸੁਵਿਧਾਵਾਂ ਮੁਹਈਆ ਕਰਵਾਉਣ ਲਈ 10 ਕਰੋੜ ਰੁਪਏ ਦੀ ਮੰਗ ਕੀਤੀ। ਸ. ਬਾਦਲ ਨੇ ਕਨੈਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਨਾਲ ਹਸਤਾਖਰ ਕੀਤੇ ਜਾਣ ਵਾਲੇ ਪ੍ਰਸਤਾਵਿਤ ਐਮ.ਓ.ਯੂ ਲਈ ਐਨ ਓ ਸੀ ਜਾਰੀ ਕਰਨ ਲਈ ਕਿਹਾ ਜੋ ਕਿ ਹੁਨਰ ਵਿਕਾਸ ਅਤੇ ਸਿਖਿਆ ਦੇ ਖੇਤਰਾਂ ਨਾਲ ਸਬੰਧਿਤ ਹੈ। ਭਾਰਤ ਪਾਕਿ ਸਰਹੱਦ ਦੇ ਨਾਲ ਕੰਡਿਆਲੀ ਤਾਰ ਤੋ ਪਰਲੇ ਪਾਸੇ ਖੇਤੀ ਕਰਨ ਵਾਲੇ ਕਿਸ਼ਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਸਬੰਧ ਵਿਚ ਪ੍ਰਤੀ ਏਕੜ 5000 ਰੁਪਏ ਦੀ ਦਰ ਨਾਲ ਮੁਆਵਜਾ ਜਾਰੀ ਕਰਨ ਦਾ ਮੁੱਦਾ ਉਠਾਇਆ। ਇਸ ਹਿਸਾਬ ਨਾਲ ਇਹ ਦੇਣ ਦਾਰੀ ਸਿਰਫ 9.32 ਕਰੋੜ ਰੁਪਏ ਦੀ ਹੈ। ਮੁੱਖ ਮੰਤਰੀ ਨੇ ਸ੍ਰੀ ਚਿਦੰਬਰਮ ਨੂੰ ਕੁਦਰਤੀ ਆਫਤ ਰਾਹਤ ਫੰਡ ਦੇ ਮੌਜੂਦਾ ਨਿਯਮਾਂ ਨੂੰ ਵੀ ਤੁੰਰਤ ਸ਼ੋਧਨ ਲਈ ਕਿਹਾ ਤਾਂ ਕਿ ਫਸਲਾਂ ਦੇ ਨੁਕਸਾਨ ਦੀ ਸੂਰਤ ਵਿਚ ਇਹ ਸਹਾਇਤਾ 4000 ਤੋਂ ਵਧਾ ਕੇ 15000 ਰੁਪਏ ਪ੍ਰਤੀ ਏਕੜ, ਘਰੇਲੂ ਵਸਤਾਂ ਦੇ ਨੁਕਸਾਨ ਲਈ 1000 ਤੋਂ ਵਧਾ ਕੇ 50000 ਰੁਪਏ, ਪਸ਼ੂਆਂ ਲਈ 20 ਰੁਪਏ ਤੋਂ ਵਧਾ ਕੇ 50 ਰੁਪਏ ਪ੍ਰਤੀ ਦਿਨ ਕੀਤੇ ਜਾ ਸਕਣ ਕਿਉਂਕਿ ਪੰਜਾਬ ਇਕ ਖੇਤੀ ਅਧਾਰਿਤ ਰਾਜ ਹੈ ਅਤੇ ਇਸ ਨੂੰ ਵੱਖ ਵੱਖ ਕੁਦਰਤੀ ਆਫਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮੁੱਖ ਮੰਤਰੀ ਨੇ ਮਾਹਾਰਾਜਾ ਰਣਜੀਤ ਸਿੰਘ ਪੁਲਿਸ ਯੂਨੀਵਰਸਿਟੀ ਜਲਦੀ ਤੋ ਜਲਦੀ ਸਥਾਪਤ ਕਰਨ ਲਈ ਵੀ ਸ੍ਰੀ ਚਿਦੰਬਰਮ ਨੂੰ ਨਿੱਜੀ ਦਖਲ ਦੇਣ ਲਈ ਆਖਿਆ ਹੈ। ਉਹਨਾਂ ਨੇ ਕਿਸਾਨਾਂ ਨੂੰ 19.38 ਕਰੋੜ ਰੁਪਏ ਦਾ ਮੁਆਵਜਾ ਦੇਣ ਦੀ ਮੰਗ ਕੀਤੀ ਹੈ ਜਿਹਨਾਂ ਦੀ 323 ਏਕੜ ਜਮੀਨ ਕੰਡਿਆਲੀ ਤਾਰ ਦੇ ਨਾਲ ਬੀ.ਐਸ ਐਫ ਵਲੋ ਕੀਤੀ ਜਾਂਦੀ ਗਸ਼ਤ ਲਈ ਲਾਂਘਾ ਚੌੜਾ ਕਰਨ ਦੇ ਮਕਸਦ ਲਈ ਭਾਰਤ ਸਰਕਾਰ ਨੇ ਇਕੁਆਇਰ ਕੀਤੀ ਹੈ। ਸ੍ਰੀ ਚਿਦੰਬਰਮ ਨੇ ਮੁੱਖ ਮੰਤਰੀ ਨੂੰ ਭਰੋਸ਼ਾ ਦਵਾਇਆ ਕਿ ਉਹਨਾਂ ਵਲੋ ਉਠਾਏ ਗਏ ਮੁੱਦਿਆਂ ਨੂੰ ਪ੍ਰਾਥਮਿਕਤਾ ਦੇ ਆਧਾਰ ਤੇ ਲਵੇਗੀ। ਇਸ ਮੌਕੇ ਮੁੱਖ ਮੰਤਰੀ ਨਾਲ ਉਹਨਾਂ ਦੇ ਮੀਡੀਆ ਸਲਾਹਕਾਰ ਸ੍ਰੀ ਹਰਚਰਨ ਬੈਸ,ਪ੍ਰਮੁੱਖ ਸਕੱਤਰ ਸ੍ਰੀ ਡੀ.ਐਸ ਗੁਰੂ, ਵਿਸ਼ੇਸ ਪ੍ਰਮੁੱਖ ਸਕੱਤਰ ਸ੍ਰੀ ਕੇ ਜੇ ਐਸ ਚੀਮਾ ਅਤੇ ਅਡੀਸ਼ਨਲ ਪ੍ਰਮੁਖ

ਸੋਮਾਲੀਆ ਦੀ ਰਾਜਧਾਨੀ 'ਚ ਗੋਲੀਬਾਰੀ, 19 ਮਰੇ

ਹਰਜੇਈਸਾ, 30 ਜਨਵਰੀ (ਵਿਸ਼ਵ ਵਾਰਤਾ)- ਸੋਮਾਲੀਆ ਦੀ ਰਾਜਧਾਨੀ ਵਿਚ ਇਕ ਹੀ ਦਿਨ ਇਸਲਾਮੀ ਅੱਤਵਾਦੀਆਂ ਨੇ ਸਰਕਾਰੀ ਟਿਕਾਣਿਆਂ ਅਤੇ ਅਫਰੀਕੀ ਸੰਘ ਦੇ ਸ਼ਾਂਤੀ ਸੈਨਿਕਾਂ 'ਤੇ ਕਈ ਹਮਲੇ ਕੀਤੇ, ਜਿਸ ਵਿਚ ਔਰਤਾਂ ਅਤੇ ਬੱਚਿਆਂ ਸਮੇਤ ਘੱਟੋ ਘੱਟ 19 ਲੋਕ ਮਾਰੇ ਗਏ। ਇਸ ਹਮਲੇ ਵਿਚ 30 ਲੋਕ ਜ਼ਖ਼ਮੀ ਵੀ ਹੋਏ ਹਨ। ਵਰਣਨਯੋਗ ਹੈ ਕਿ ਦੋ ਦਿਨ ਬਾਅਦ ਹੀ ਰਾਸ਼ਟਰਪਤੀ ਸ਼ੇਖ ਸ਼ਰੀਫ ਸ਼ੇਖ ਅਹਿਮਦ ਦੀ ਸਰਕਾਰ ਦਾ ਇਕ ਸਾਲ ਦਾ ਕਾਰਜਕਾਲ ਪੂਰਾ ਹੋਣ ਜਾ ਰਿਹਾ ਹੈ। ਉਨ੍ਹਾਂ ਨੇ ਦੋ ਦਹਾਕਿਆਂ ਤੋਂ ਚੱਲ ਰਹੇ ਯੁੱਧ ਦੇ ਕਾਰਨ ਵਿਕਾਸ ਤੋਂ ਕਾਫੀ ਦੂਰ ਹੋ ਚੁੱਕੇ ਆਪਣੇ ਦੇਸ਼ ਵਿਚ ਹਿੰਸਾ ਖ਼ਤਮ ਕਰਨ ਦਾ ਟੀਚਾ ਰੱਖਿਆ ਸੀ, ਜੋ ਫਿਲਹਾਲ ਪੂਰਾ ਹੁੰਦਾ ਨਜ਼ਰ ਨਹੀਂ ਆ ਰਿਹਾ।

ਬਰਫਬਾਰੀ ਕਾਰਨ ਸ੍ਰੀਨਗਰ-ਜੰਮੂ ਰਾਜ ਮਾਰਗ ਦੂਸਰੇ ਦਿਨ ਵੀ ਬੰਦ ਰਿਹਾ, 500 ਵਾਹਨ ਫਸੇ

ਸ੍ਰੀਨਗਰ, 30 ਜਨਵਰੀ (ਵਿਸ਼ਵ ਵਾਰਤਾ)-ਜੰਮੂ ਤੇ ਕਸ਼ਮੀਰ ਦੇ ਜਵਾਹਰ ਸੁਰੰਘ ਖੇਤਰ ਵਿਚ ਕੱਲ੍ਹ ਤੋਂ ਜਾਰੀ ਬਰਫਬਾਰੀ ਫਿਸਲਨ ਭਰੀਆਂ ਸੜਕਾਂ ਕਰਕੇ ਅੱਜ ਜੰਮੂ-ਸ੍ਰੀਨਗਰ ਰਾਸ਼ਟਰੀ ਰਾਜਮਾਰਗ ਨੂੰ ਦੂਸਰੇ ਦਿਨ ਵੀ ਆਵਾਜਾਈ ਲਈ ਬੰਦ ਰੱਖਿਆ ਗਿਆ। ਸੜਕਾਂ ਦੀ ਸਫਾਈ ਲਈ ਬਰਫ ਕੱਟਣ ਵਾਲੀਆਂ ਮਸ਼ੀਨਾਂ ਨੂੰ ਲਗਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਰਾਜਮਾਰਗ ਕਸ਼ਮੀਰ ਘਾਟੀ ਨੂੰ ਦੇਸ਼ ਦੇ ਹੋਰ ਹਿੱਸਿਆਂ ਨਾਲ ਜੋੜਨ ਵਾਲੀ ਇਕ ਮਾਤਰ ਸੜਕ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਬਰਫਬਾਰੀ ਕਾਰਨ ਰਾਜ ਮਾਰਗ 'ਤੇ ਲਗਪਗ 500 ਵਾਹਨਾਂ ਫਸੇ ਹੋਏ ਹਨ।

11 ਹਜ਼ਾਰ ਵਿਦਿਆਰਥੀ ਅੱਜ ਦੁਬਾਰਾ ਦੇਣਗੇ ਆਨਲਾਈਨ ਕੈਟ ਪ੍ਰੀਖਿਆ

ਨਵੀਂ ਦਿੱਲੀ, 30 ਜਨਵਰੀ (ਵਿਸ਼ਵ ਵਾਰਤਾ)- ਕਾਮਨ ਐਡਮਿਸ਼ਲ ਟੈਸਟ (ਕੈਟ) ਦੀ ਪ੍ਰੀਖਿਆ ਲਈ ਲਗਪਗ 11 ਹਜ਼ਾਰ ਪ੍ਰੀਖਿਆਰਥੀ ਐਤਵਾਰ ਨੂੰ ਮੁੜ ਇਹ ਟੈਸਟ ਦੇਣਗੇ। ਪਿਛਲੇ ਸਾਲ ਤਕਨੀਕੀ ਨੁਕਸ ਕਾਰਨ ਇਹ ਆਨਲਾਈਨ ਟੈਸਟ ਨਹੀਂ ਹੋ ਸਕਿਆ ਸੀ। ਦੇਸ਼ ਦੇ ਉਚ ਬਿਜਨਸ ਸਕੂਲਸ ਦੇ ਵਿਦਿਆਰਥੀਆਂ ਦੀ ਚੋਣ ਲਈ ਦੂਸਰੇ ਪੜਾਅ ਦੀ ਪ੍ਰੀਖਿਆ ਦੇਸ਼ ਭਰ ਦੇ 40 ਕੇਂਦਰਾਂ 'ਤੇ ਕਰਵਾਈ ਜਾਵੇਗੀ। ਐਮ.ਬੀ.ਏ. ਦੇ ਇਛੁੱਕ ਘੱਟੋ ਘੱਟ 2 ਲੱਖ 41 ਹਜ਼ਾਰ ਵਿਦਿਆਰਥੀਆਂ ਨੇ ਬੀਤੇ ਸਾਲ ਪਹਿਲੀ ਆਨਲਾਈਨ ਪ੍ਰੀਖਿਆ ਲਈ ਅਰਜੀਆਂ ਦਿੱਤੀਆਂ ਸਨ।

ਕਿਸਤੀ ਉਲਟਣ ਕਾਰਨ 10 ਮਰੇ, 40 ਲਾਪਤਾ

ਹੈਦਰਾਬਾਦ, 30 ਜਨਵਰੀ (ਵਿਸ਼ਵ ਵਾਰਤਾ)-ਆਂਧਰਾ ਪ੍ਰਦੇਸ਼ ਵਿਚ ਅੱਜ ਗੋਦਾਵਰੀ ਨਦੀ ਵਿਚ ਇਕ ਕਿਸਤੀ ਉਲਟ ਜਾਣ ਕਾਰਨ ਘੱਟੋ ਘੱਟ 10 ਵਿਅਕਤੀਆਂ ਦੇ ਡੁੱਬ ਜਾਣ ਦੀ ਸੂਚਨਾ ਮਿਲੀ ਹੈ। ਜਾਣਕਾਰੀ ਅਨੁਸਾਰ ਇਸ ਹਾਦਸੇ ਵਿਚ 40 ਤੋਂ ਜ਼ਿਆਦਾ ਵਿਅਕਤੀ ਲਾਪਤਾ ਦੱਸੇ ਜਾ ਰਹੇ ਹਨ। ਪੁਲਿਸ ਅਧਿਕਾਰੀਆਂ ਅਨੁਸਾਰ ਇਸ ਕਿਸਤੀ ਵਿਚ ਲਗਪਗ 50 ਵਿਅਕਤੀ ਸਵਾਰ ਹੋ ਕੇ ਜਾ ਰਹੇ ਸਨ ਤੇ ਇਹ ਸਵੇਰੇ ਅਚਾਨਕ ਨਦੀ ਵਿਚ ਉਲਟ ਗਈ। ਪੁਲਿਸ ☛(ਬਾਕੀ ਸਫਾ 2 'ਤੇ)

ਵਿਸ਼ੇਸ਼ ਸੰਪਾਦਕੀ

ਬਲਜੀਤ ਸਿੰਘ ਬਰਾੜ

ਰਾਗੀ ਇਸੇ ਹਸ਼ਰ ਦਾ ਹੱਕਦਾਰ

ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਪੰਜਾਂ ਤਖਤਾਂ ਨੇ ਸਰਵ ਸੰਮਤੀ ਨਾਲ ਗੁਰਮਤਾ ਕਰਕੇ ਰਾਗੀ ਦਰਸ਼ਨ ਸਿੰਘ ਨੂੰ ਪੰਥ ਵਿੱਚੋਂ ਛੇਕ ਦਿੱਤਾ ਹੈ। ਗੁਰੂ ਦੇ ਗੁਨਾਹਗਾਰ ਨੂੰ ਗੁਰੂ ਦੇ ਪੰਥ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਹੈ। ਰਾਗੀ ਦਰਸ਼ਨ ਸਿੰਘ ਨੇ ਜਿਹੜਾ ਗੁਨਾਹ ਕੀਤਾ ਹੈ, ਉਸਦੀ ਇਹ ਬੇਹੱਦ ਥੋੜ੍ਹੀ ਸਜ਼ਾ ਹੈ। ਰਾਗੀ ਤਾਂ ਇਸ ਤੋਂ ਵੱਡੀ ਸਜ਼ਾ ਦਾ ਭਾਗੀ ਹੈ। ਮਾਮੂਲੀ ਤੋਂ ਮਾਮੂਲੀ ਵਿਅਕਤੀ ਵੀ ਇਸ ਗੱਲ ਨੂੰ ਸਮਝਦਾ ਹੈ ਕਿ ਗੁਰੂ ਸਾਹਿਬਾਨਾਂ ਅਤੇ ਸਿੱਖ ਧਾਰਮਿਕ ਸੰਸਥਾਵਾਂ ਦਾ ਅਪਮਾਨ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਯੋਗ ਨਹੀਂ। ਕਿਸੇ ਵੀ ਮਨੁੱਖ ਨੂੰ ਬੇਸ਼ੱਕ ਉਹ ਕਿਸੇ ਵੀ ਲਿਆਕਤ ਜਾਂ ਪੱਦਵੀ ਦਾ ਮਾਲਕ ਹੋਵੇ, ਨੂੰ ਇਹ ਆਗਿਆ ਨਹੀਂ ਦਿੱਤੀ ਜਾ ਸਕਦੀ ਕਿ ਉਹ ਗੁਰੂ ਸਾਹਿਬਾਨਾਂ ਦੇ ਚਰਿੱਤਰ ਬਾਰੇ ਮਾੜੇ ਸ਼ਬਦ ਬੋਲੇ। ਇਸੇ ਤਰ੍ਹਾਂ ਸਿੱਖਾਂ ਦੀਆਂ ਪਵਿੱਤਰ ਧਾਰਮਿਕ ਸੰਸਥਾਵਾਂ, ਮਰਿਯਾਦਾ, ਪ੍ਰੰਪਰਾਵਾਂ ਅਤੇ ਸਤਿਕਾਰਯੋਗ ਤਖਤਾਂ ਨੂੰ ਚੁਣੌਤੀ ਦੇਣ ਵਾਲੇ ਮਨਮੁੱਖ ਨੂੰ ਪੰਥ ਵਿੱਚ ਰਹਿਣ ਦਾ ਅਤੇ ਸਿੱਖ ਕਹਾਉਣ ਦਾ ਕੋਈ ਹੱਕ ਨਹੀਂ ਹੈ। ਸਿਤਮ ਦੇਖੋ ਰਾਗੀ ਇੱਕ ਪਾਸੇ ਗੁਰੂ ਸਾਹਿਬਾਨਾਂ ਬਾਰੇ ਮਾੜੇ ਸ਼ਬਦ ਬੋਲ ਰਿਹਾ ਹੈ, ਦੂਜੇ ਪਾਸੇ ਇਸ ਮੁੱਦੇ 'ਤੇ ਸਿੱਧਾ ਜਵਾਬ ਦੇਣ ਨੂੰ ਤਿਆਰ ਨਹੀਂ। ਜਦੋਂ ਉਸ ਤੋਂ ਸਪੱਸ਼ਟੀਕਰਨ ਮੰਗਿਆ ਗਿਆ ਤਾਂ ਉਸ ਨੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਦੂਸਰੇ ਤਖਤਾਂ ਦਾ ਅਪਮਾਨ ਕਰਨ ਦੀ ਕੋਸ਼ਿਸ਼ ਕੀਤੀ ਗਈ। ਜੋ ਕੁੱਝ ਉਸ ਨੇ ਪਹਿਲੀ ਪੇਸ਼ੀ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਤਾ, ਉਸ ਨੂੰ ਅਪਮਾਨ ਨਾ ਕਿਹਾ ਜਾਵੇ ਤਾਂ ਕੀ ਕਿਹਾ ਜਾਵੇ? ਸ੍ਰੀ ਅਕਾਲ ਤਖਤ ਸਾਹਿਬ ਤਾਂ ਦੁਨਿਆਵੀ ਅਦਾਲਤਾਂ ਤੋਂ ਵੀ ਉੱਚਾ ਹੈ। ਜੇਕਰ ਕਿਸੇ ਕਾਨੂੰਨੀ ਅਵੱਗਿਆਕਾਰੀ ਨੂੰ ਹਾਈਕੋਰਟ ਜਾਂ ਸੁਪਰੀਮ ਕੋਰਟ ਵੱਲੋਂ ਪੇਸ਼ੀ 'ਤੇ ਬੁਲਾਇਆ ਜਾਂਦਾ ਹੈ ਤਾਂ ਮੁਲਜ਼ਮ ਅਦਾਲਤਾਂ ਦੀਆਂ ਕੰਧਾਂ ਨੂੰ ਸਪੱਸ਼ਟੀਕਰਨ ਨਹੀਂ ਦਿੰਦੇ। ਅਜਿਹੀ ਪੇਸ਼ੀ ਕਿਸੇ ਜੱਜ ਦੇ ਸਾਹਮਣੇ ਹੀ ਹੁੰਦੀ ਹੈ। ਮਨੁੱਖ ਦੇ ਰੂਪ ਵਿੱਚ ਹੀ ਜੱਜ ਉਸ ਸਮੇਂ ਸੁਪਰੀਮ ਕੋਰਟ, ਹਾਈਕੋਰਟ ਜਾਂ ਦੂਸਰੀ ਕਿਸੇ ਅਦਾਲਤ ਦੀ ਨੁਮਾਇੰਦਗੀ ਕਰਦਾ ਹੈ। ਇਸੇ ਤਰ੍ਹਾਂ ਗੁਰੂ ਸਾਹਿਬਾਨਾਂ ਵੱਲੋਂ ਸਿਰਜੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜਦੋਂ ਕਿਸੇ ਸਿੱਖ ਨੂੰ ਸਪੱਸ਼ਟੀਕਰਨ ਲਈ ਬੁਲਾਇਆ ਜਾਂਦਾ ਹੈ ਤਾਂ ਇਹ ਪੇਸ਼ੀ ਕੰਧਾਂ ਜਾਂ ਗੋਲਕਾਂ ਅੱਗੇ ਨਹੀਂ ਹੁੰਦੀ। ਗੁਰੂ ਦੀ ਇਸ ਸੰਸਥਾ ਦੀ ਨੁਮਾਇੰਦਗੀ ਕਰਨ ਵਾਲਾ ਕੋਈ ਜੱਥੇਦਾਰ ਹੀ ਤਖਤ ਦੀ ਮੋਹਰ ਅਤੇ ਅਧਿਕਾਰ ਦਾ ਇਸਤੇਮਾਲ ਕਰਦਾ ਹੈ। ਜੇਕਰ ਰਾਗੀ ਨੂੰ ਹਾਈਕੋਰਟ ਜਾਂ ਸੁਪਰੀਮ ਕੋਰਟ ਵਿੱਚ ਬੁਲਾਇਆ ਗਿਆ ਹੁੰਦਾ ਤਾਂ ਕੀ ਉਹ ਆਪਣਾ ਸਪੱਸ਼ਟੀਕਰਨ ਕੰਧਾਂ ਨੂੰ ਦੇ ਕੇ ਮੁੜ ਆਉਂਦਾ। ਰਾਗੀ ਦੀ ਸਥਿਤੀ ਤਾਂ ਅਜਿਹੇ ਚੋਰ ਵਾਲੀ ਹੈ ਜਿਹੜਾ ਉਲਟਾ ਕੋਤਵਾਲ ਨੂੰ ਹੀ ਡਾਂਟ ਰਿਹਾ ਹੈ। ਜੇਕਰ ਰਾਗੀ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਸਿੰਘ ਸਾਹਿਬਾਨਾਂ ਨੂੰ ਆਪਣਾ ਸਪੱਸ਼ਟੀਕਰਨ ਦੇ ਦਿੰਦਾ ਤਾਂ ਇਸ ਨਾਲ ਉਸ ਦਾ ਕੁੱਝ ਨਹੀਂ ਸੀ ਘਟਣਾ, ਸਗੋਂ ਅਜਿਹਾ ਕਰਨ ਨਾਲ ਉਸ ਦੀ ਸ਼ੋਭਾ ਵਧਣੀ ਸੀ ਅਤੇ ਤਖਤ ਸਾਹਿਬਾਨਾਂ ਦਾ ਮਾਣ-ਸਤਿਕਾਰ ਉੱਚਾ ਹੋਣਾ ਸੀ। ਪਰ ਹੰਕਾਰ ਵੱਸ ਪਏ ਕਿਸੇ ਵਿਅਕਤੀ ਤੋਂ ਅਜਿਹੀ ਆਸ ਨਹੀਂ ਕੀਤੀ ਜਾ ਸਕਦੀ। ਉਸ ਦੇ ਭਾਗਾਂ ਵਿੱਚ ਤਾਂ ਲਾਹਣਤ ਹੀ ਲਿਖੀ ਹੈ। ਗੁਰੂ ਦੇ ਨਿੰਦਕ ਦੀ ਮੱਤ ਤਾਂ ਆਪਣੇ ਆਪ ਹੀ ਮਾਰੀ ਜਾਂਦੀ ਹੈ। ਰਾਗੀ ਦਰਸ਼ਨ ਸਿੰਘ ਵੀ ਇਸ ਸਥਿਤੀ 'ਚੋਂ ਗੁਜਰ ਰਿਹਾ ਹੈ। ਉਸ ਨੇ ਇੱਕ ਗਲਤੀ ਤੋਂ ਬਾਅਦ ਦੂਸਰੀ ਗਲਤੀ ਕੀਤੀ ਹੈ। ਹੁਣ ਉਹ ਤੀਸਰੀ ਗਲਤੀ ਵੱਲ ਵੱਧ ਰਿਹਾ ਹੈ। ਸਥਿਤੀ ਸ਼ਾਇਦ ਇਹ ਬਣਦੀ ਜਾ ਰਹੀ ਹੈ ਕਿ ਉਹ ਖੁਦ ਨੂੰ ਵੀ ਧਰਮ ਸਮਝ ਬੈਠਾ ਹੈ। ਗੁਰੂ ਦੇ ਇਸ ਨਿੰਦਕ ਨੂੰ ਇਹ ਨਹੀਂ ਪਤਾ ਕਿ ਜਿਸ ਰਸਤੇ 'ਤੇ ਉਹ ਜਾ ਰਿਹਾ ਹੈ, ਉਹ ਅੱਗੋਂ ਬੰਦ ਹੈ। ਉਸ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਬੇਮੁੱਖ ਲੋਕਾਂ ਨਾਲ ਕੀ ਵਾਪਰਦਾ ਹੈ? ਬੂਟਾ ਸਿੰਘ ਅਤੇ ਸੰਤਾ ਸਿੰਘ ਵਰਗਿਆਂ ਨੂੰ ਵੀ ਖੱਜਲ-ਖੁਆਰੀ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਅੱਗੇ ਸੀਸ ਝੁਕਾਉਣਾ ਪਿਆ ਸੀ, ਪਰ ਰਾਗੀ ਤਾਂ ਉਨ੍ਹਾਂ ਤੋਂ ਵੀ ਗਿਆ ਗੁਜਰਿਆ ਹੈ। ਉਸ ਨੂੰ ਗੁਰੂ ਸ਼ਾਇਦ ਅਜਿਹਾ ਮੌਕਾ ਵੀ ਨਾ ਦੇਵੇ? ਸਿੱਖ ਪੰਥ ਵਿੱਚ ਇਸ ਮੁੱਦੇ 'ਤੇ ਕੋਈ ਦੁਬਿਧਾ ਨਹੀਂ ਹੈ। ਗੁਰੂ ਦੇ ਨਿੰਦਕ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਹਸਤੀ ਨੂੰ ਟਿੱਚ ਜਾਣਨ ਵਾਲੇ ਵਿਅਕਤੀ ਨੂੰ ਹੋਰ ਫੁੱਲਾਂ ਦੇ ਹਾਰ ਨਹੀਂ ਪਾਏ ਜਾ ਸਕਦੇ। ਇਹ ਹੈਰਾਨੀ ਦੀ ਗੱਲ ਹੈ ਕਿ ਰਾਗੀ ਅਤੇ ਉਸ ਦੇ ਹਿਮਾਇਤੀ ਇੱਕ ਪਾਸੇ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਹਸਤੀ ਨੂੰ ਮੰਨਣ ਤੋਂ ਇਨਕਾਰੀ ਹਨ ਅਤੇ ਦੂਸਰੇ ਪਾਸੇ ਸਿੰਘ ਸਾਹਿਬਾਨਾਂ ਦੇ ਫੈਸਲੇ ਉੱਤੇ ਕਿੰਤੂ-ਪ੍ਰੰਤੂ ਵੀ ਕਰ ਰਹੇ ਹਨ। ਸਿੱਖ ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਗੁਰੂਆਂ ਦੇ ਨਿੰਦਕਾਂ ਅਤੇ ਪੰਥ ਵਿਰੋਧੀ ਤਾਕਤਾਂ ਨੂੰ ਪੂਰੀ ਸ਼ਕਤੀ ਨਾਲ ਜਵਾਬ ਦੇਵੇ ਤਾਂ ਜੋ ਮੁੜ ਕੋਈ ਅਜਿਹੀ ਅਵੱਗਿਆ ਨਾ ਕਰੇ।

ਨਸ਼ੇ 'ਚ ਰਈਸਜਾਦੀ ਨੇ ਕਾਰ ਲੋਕਾਂ 'ਤੇ ਚਾੜ੍ਹੀ

ਸਬ ਇੰਸਪੈਕਟਰ ਸਮੇਤ ਦੋ ਦੀ ਮੌਤ

ਮੁੰਬਈ, 30 ਜਨਵਰੀ (ਵਿਸ਼ਵ ਵਾਰਤਾ)-ਮੁੰਬਈ ਦੇ ਮਰੀਨ ਡਰਾਈਵ ਇਲਾਕੇ ਵਿਚ ਇਕ ਲੜਕੀ ਨੇ ਨਸ਼ੇ ਦੀ ਹਾਲਤ ਵਿਚ ਕਾਰ ਚਲਾਉਂਦੇ ਸਮੇਂ 6 ਲੋਕਾਂ ਨੂੰ ਕੁਚਲ ਦਿੱਤਾ। ਇਸ ਹਾਦਸੇ ਵਿਚ ਸਬ ਇਸਪੈਕਟਰ ਸਮੇਤ ਦੋ ਲੋਕਾਂ ਦੀ ਮੌਤ ਹੋ ਗਈ। 27 ਸਾਲਾ ਨੂਰੀਆ ਯੂਸੁਫ ਨਾਮਕ ਇਸ ਔਰਤ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਇਸ ਖਿਲਾਫ਼ ਗੈਰ ਇਰਾਦਤਨ ਹੱਤਿਆ ਦਾ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਇਸ ਔਰਤ ਨੇ ਰਾਤ ਨੂੰ ਨਸ਼ੇ ਦੀ ਹਾਲਤ ਵਿਚ ਆਪਣੀ ਹੌਂਡਾ ਸੀ.ਆਰ.ਵੀ. ਕਾਰ ਨਾਲ ਇਕ ਪੁਲਿਸ ਦੀ ਗੱਡੀ ਸਮੇਤ ਤਿੰਨ ਗੱਡੀਆਂ ਨੂੰ ਟੱਕਰ ਮਾਰ ਦਿੱਤਾ। ਜਿਸ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ। 5 ਜ਼ਖ਼ਮੀਆਂ ਵਿਚੋਂ 4 ਪੁਲਿਸ ਮੁਲਾਜ਼ਮ ਹਨ। ਮੈਡੀਕਲ ਰਿਪੋਰਟ ਵਿਚ ਮਹਿਲਾ ਦੇ ਲੋੜ ਤੋਂ ਵੱਧ ਅਲਕੋਹਲ ਲੈਣ ਦੀ ਪੁਸ਼ਟੀ ਕੀਤੀ ਗਈ ਹੈ। ਇਹ ☛(ਬਾਕੀ ਸਫਾ 2 'ਤੇ)

ਅਖੌਤੀ ਬੁੱਧੀਜੀਵੀ ਘਟੀਆ ਬਿਆਨਬਾਜ਼ੀ ਤੋਂ ਗੁਰੇਜ ਕਰਨ-ਫੈਡ. ਮਹਿਤਾ

ਜਲੰਧਰ, 30 ਜਵਨਰੀ (ਸਰਬਜੀਤ ਵਾਲੀਆ)-ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨਾਂ ਵੱਲੋਂ ਸਿੱਖ ਪੰਥ ਵਿੱਚੋਂ ਛੇਕੇ ਜਾਣ ਸੰਬੰਧੀ ਲਏ ਗਏ ਫੈਸਲੇ ਦੇ ਵਿਰੋਧ ਵਿੱਚ ਪ੍ਰੋ. ਹਮਾਇਤੀਆਂ ਵੱਲੋਂ ਜਥੇਦਾਰ ਸਾਹਿਬਾਨ ਵਿਰੁੱਧ ਵਰਤੀ ਆਦਿ ਨੀਵੇਂ ਦਰਜੇ ਦੀ ਘਟੀਆ ਸ਼ਬਦਾਵਲੀ ਦੀ ਨਿਖੇਧੀ ਕਰਦਿਆਂ ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੇ ਪ੍ਰਧਾਨ ਭਾਈ ਪਰਮਜੀਤ ਸਿੰਘ ਖਾਲਸਾ ਨੇ ਇਨ੍ਹਾਂ ਅਖੌਤੀ ਬੁੱਧੀਜੀਵੀਆਂ ਨੂੰ ਆਪਣੀ ਘਟੀਆ ਬਿਆਨਬਾਜ਼ੀ ਤੋਂ ਬਾਜ਼ ਆਉਣ ਲਈ ਕਿਹਾ। ਭਾਈ ਖਾਲਸਾ ਨੇ ਕਿਹਾ ਕਿ ਪ੍ਰੋ. ਦਰਸ਼ਨ ਸਿੰਘ ਵਰਗੇ ਲੋਕਾਂ ਨੂੰ ਆਪਣੀ ਵਿਦਵਤਾ ਦਾ ਘੁਮੰਡ ਹੋ ਗਿਆ ਸੀ। ਜੋ ਕਿ ਅਕਾਲ ਤਾਕਤ ਸਾਹਿਬ ਤੋਂ ਆਪਣੀਆਂ ਕੀਤੀਆਂ ਗਲਤੀਆਂ ਦੀ ਭੁੱਲ ਬਖ਼ਸ਼ਾਉਣ ਦੀ ਬਜਾਏ ਚੈਲਿੰਜ ਕਰ ਰਹੇ ਹਨ। ਪੰਜ ਸਿੰਘ ਸਾਹਿਬਾਨਾਂ ਵੱਲੋਂ ਪ੍ਰੋ. ਦਰਸਨ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਪੇਸ਼ ਹੋਣ ਸੰਬੰਧੀ ਵਾਰ-ਵਾਰ ਸਮਾਂ ਦਿੱਤਾ ਗਿਆ, ਪਰ ਪ੍ਰੋ. ਦਰਸਨ ਸਿੰਘ ਹੰਕਾਰ ਵੱਸ ਤਖਤ ਸਾਹਿਬ ਨੂੰ ਚੈਲਿੰਜ ਕਰਦਾ ਰਿਹਾ ਅਤੇ ਖੁਦ ਸ੍ਰੀ ਅਕਾਲ ਤਖਤ ਸਾਹਿਬ ਤੋਂ ਭਗੌੜਾ ਹੋਇਆ। ਭਾਈ ਖਾਲਸਾ ਨੇ ਕਿਹਾ ਕਿ ਹਰਜਿੰਦਰ ਸਿੰਘ ਦਿਲਗੀਰ ਵਰਗੇ ਸਰਕਾਰੀ ਲੋਕ ਜੋ ਕੇਂਦਰ ਸਰਕਾਰ ਅਤੇ ਏਜੰਸੀ ਲਈ ਵਿਦੇਸ਼ਾਂ ਵਿੱਚ ☛(ਬਾਕੀ ਸਫਾ 2 'ਤੇ)

ਦਿਲਗੀਰ ਵਰਗੇ ਕੇਂਦਰ ਸਰਕਾਰ ਅਤੇ ਖੁਫੀਆ ਏਜੰਸੀ ਲਈ ਵਿਦੇਸ਼ਾਂ ਵਿੱਚ ਬੈਠੇ ਚੱਲ ਰਹੇ ਨੇ ਪੰਥ ਵਿਰੋਧੀ ਚਾਲਾਂ

ਰਜਿੰਦਰਾ ਹਸਪਤਾਲ ਦੇ ਇੰਕੂਬੇਟਰ ਨੂੰ ਲੱਗੀ ਅੱਗ ਦੀ ਜਾਂਚ

ਜਸਟਿਸ ਗੁਪਤਾ ਵੱਲੋਂ ਰਿਪੋਰਟ ਮੁੱਖ ਮੰਤਰੀ ਨੂੰ ਪੇਸ਼

ਚੰਡੀਗੜ੍ਹ, 30 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ ਜਸਟਿਸ ਕੇ.ਸੀ.ਗੁਪਤਾ ਨੇ ਅੱਜ ਸਵੇਰੇ ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੂੰ ਮਿਲ ਕੇ ਸਰਕਾਰੀ ਰਜਿੰਦਰਾ ਹਸਪਤਾਲ (ਪਟਿਆਲਾ) ਦੇ ਨਿਓਨਾਟੋਲੋਜੀ ਯੂਨਿਟ ਦੇ ਇੰਕੂਬੇਟਰ ਨੂੰ ਲੱਗੀ ਅੱਗ ਦੇ ਦੁਖਾਂਤ ਬਾਰੇ ਜੁਡੀਸੀਅਲ ਜਾਂਚ ਰਿਪੋਰਟ ਪੇਸ਼ ਕਰ ਦਿੱਤੀ ਹੈ। 31 ਜਨਵਰੀ, 2009 ਨੂੰ ਵਾਪਰੇ ਇਸ ਦੁਖਾਂਤ ਵਿਚ 6 ਬੱਚੇ ਜਿਉਂਦੇ ਸੜ ਗਏ ਸਨ। ਇਸ ਦਾ ਪ੍ਰਗਟਾਵਾ ਕਰਦੇ ਹੋਏ ਅੱਜ ਇਥੇ ਮੁੱਖ ਮੰਤਰੀ ਦੇ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਇਸ ਦੁਖਾਂਤ ਦੇ ਇਕ ਦਮ ਬਾਅਦ ਨਿਆਇਕ ਜਾਂਚ ਦੇ ਹੁਕਮ ਦਿੱਤੇ ਗਏ ਸਨ ਜੋ ਕਿ ਜਸਟਿਸ (ਸੇਵਾ ਮੁਕਤ) ਕੇ.ਸੀ. ਗੁਪਤਾ ਨੇ ਕੀਤੀ ਹੈ। ਜਸਟਿਸ ਗੁਪਤਾ ਨੇ ਅਪਣੀ ਰਿਪੋਰਟ ਵਿਚ ਕਈ ਹਿਫਾਜ਼ਤੀ ਕਦਮਾਂ ਦਾ ☛(ਬਾਕੀ ਸਫਾ 2 'ਤੇ)

ਹਾਈਕੋਰਟ ਨੇ ਸਰਕਾਰ ਨੂੰ ਲਿਆ ਕਰੜੇ ਹੱਥੀਂ

ਚੰਡੀਗੜ੍ਹ, 30 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)—ਚੰਡੀਗੜ੍ਹ ਅਤੇ ਇਸ ਦੇ ਆਸ ਪਾਸ ਪੈਂਦੇ ਕਸਬਿਆਂ ਅਤੇ ਪਿੰਡਾਂ ਵਿੱਚ ਪੰਜਾਬ ਦੇ ਸਿਵਲ ਦੇ ਪੁਲਿਸ ਅਧਿਕਾਰੀਆਂ ਅਤੇ ਸਿਆਸਤਦਾਨਾਂ ਦੀਆਂ ਜਾਇਦਾਦਾਂ ਦੀ ਪੂਰੀ ਜਾਣਕਾਰੀ ਦੇਣ ਦੇ ਮਾਮਲੇ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਐੱਸ.ਏ.ਐੱਸ. ਨਗਰ (ਮੁਹਾਲੀ) ਦੇ ਡਿਪਟੀ ਕਮਿਸ਼ਨਰ ਨੂੰ ਅਦਾਲਤ ਦੀ ਮਾਨਹਾਨੀ ਕਰਨ ਦਾ ਨੋਟਿਸ ਜਾਰੀ ਕੀਤਾ ਗਿਆ ਹੈ। ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮਾਨਹਾਨੀ ਕਰਨ ਦਾ ਨੋਟਿਸ ਜਾਰੀ ਕੀਤਾ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮਾਨਯੋਗ ਜਸਟਿਸ ਆਦਰਸ਼ ਕੁਮਾਰ ਗੋਇਲ ਤੇ ਮਾਨਯੋਗ ਜਸਟਿਸ ਸ੍ਰੀਮਤੀ ਨਿਰਮਜੀਤ ਕੌਰ ਦੇ ਆਧਾਰਤ ਡਬਲ ਬੈਂਚ ਨੇ ਕੇਸ ਦੀ ਸੁਣਾਈ ਕਰਦੇ ਹੋਏ ਅਤੇ ਡਿਪਟੀ ਕਮਿਸ਼ਨਰ ਮੁਹਾਲੀ ਦੀ ਇਸ ਕੇਸ ਵਿੱਚ ਸਹਿਯੋਗ ਨਾ ਦੇਣ ਤੋਂ ਬਾਅਦ ਪੰਜਾਬ ਦੇ ਚੀਫ ਸੈਕਟਰੀ ਐੱਸ.ਸੀ. ਅਗਰਵਾਲ ਨੂੰ ਆਦੇਸ਼ ਜਾਰੀ ਕੀਤਾ ਹੈ ਕਿ ਸੰਪਤੀ ਦੇ ਮਾਮਲੇ ਵਿੱਚ ਜਾਣਕਾਰੀ ਵਿੱਚ ਸਹਿਯੋਗ ਨਾ ਦੇਣ ਤੇ ਉਸ ਨੂੰ ਇਹ ਖੁੱਲ੍ਹ ਹੈ ਕਿ ਉਹ ਡਿਪਟੀ ਕਮਿਸ਼ਨਰ ਦਾ ਤਬਾਦਲਾ ਇੱਥੇ ਕਰ ਸਕਣ। ਮਾਨਯੋਗ ਹਾਈ ਕੋਰਟ ਨੇ ਡਿਪਟੀ ਕਮਿਸ਼ਨਰ ਮੁਹਾਲੀ ਨੂੰ ਅਦਾਲਤ ਵਿੱਚ ਪੇਸ਼ ਹੋਣ ਦਾ ਨੋਟਿਸ ਜਾਰੀ ਕਰਦਿਆਂ ਮੁਹਾਲੀ ਦੇ ਏ.ਡੀ.ਸੀ. ਨੂੰ ਇਸ ਮਾਮਲੇ ਦੀ ਜਾਂਚ ਪੜਤਾਲ ਨਾਲ ਜੋੜਨ ਦਾ ਆਦੇਸ਼ ਜਾਰੀ ਕੀਤਾ ਹੈ। ਇਸ ਮਾਮਲੇ ਦੀ ਜਾਂਚ ਕਰਨ ☛(ਬਾਕੀ ਸਫਾ 2 'ਤੇ)

ਸੀਨੀਅਰ ਅਧਿਕਾਰੀਆਂ ਦੀ ਸੰਪਤੀ ਬਾਰੇ ਜਾਣਕਾਰੀ 'ਚ ਸਹਿਯੋਗ ਨਾ ਦੇਣ 'ਤੇ ਮੁਹਾਲੀ ਦੇ ਡੀ.ਸੀ. ਨੂੰ ਬਦਲਣ ਦੇ ਹੁਕਮ

ਪੰਜਾਬੀ ਭਾਸ਼ਾ, ਸਿੱਖ ਧਰਮ ਦੇ ਪ੍ਰਚਾਰ ਲਈ ਸੰਪ੍ਰਦਾਇ ਸਰਹਾਲੀ ਵੱਲੋਂ ਛੱਤੀਸਗੜ੍ਹ 'ਚ ਸਕੂਲ/ਕਾਲਜ ਖੋਲ੍ਹਣ ਦਾ ਐਲਾਨ

ਹਰੀਕੇ ਪੱਤਣ, 30 ਜਨਵਰੀ (ਰਵਿੰਦਰ ਸਿੰਘ)-ਦੇਸ਼ ਵਿਦੇਸ਼ ਵਿੱਚ ਸਿੱਖ ਧਰਮ ਦੇ ਪ੍ਰਚਾਰ ਅਤੇ ਵਿੱਦਿਆ ਦੇ ਪਸਾਰ ਲਈ ਇਤਿਹਾਸਕ ਗੁਰਧਾਮਾਂ ਅਤੇ ਸੰਗੀਤ ਤੇ ਵਿੱਦਿਅਕ ਸੰਸਥਾਵਾਂ ਦੀ ਸੇਵਾ ਕਰਵਾ ਰਹੀ ਸੰਪ੍ਰਦਾਇ ਕਾਰ ਸੇਵਾ ਸਰਹਾਲੀ ਵੱਲੋਂ ਇੱਕ ਹੋਰ ਮਹਾਨ ਉਪਰਾਲਾ ਕਰਦੇ ਹੋਏ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦੇ ਛੱਤੀਸਗੜ੍ਹ ਵਿੱਚ ਪ੍ਰਚਾਰ ਲਈ ਰਾਏਪੁਰ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਅਤੇ ਕਾਲਜ ਸਥਾਪਿਤ ਕਰਨ ਦਾ ਫੈਸਲਾ ਕੀਤਾ ਹੈ। ਇਸ ਕਾਰਜ ਨੂੰ ਅਮਲੀ ਜਾਮਾ ਪਹਿਨਾਉਣ ਸੰਬੰਧੀ ਗੁਰਦੁਆਰਾ ਸ੍ਰੀ ਗੁਰੂ ਨਾਨਕ ਨਿਵਾਸ ਹੀਰਪੁਰ, ਰਾਏਪੁਰ, ਛੱਤੀਸਗੜ੍ਹ, ਵਿਖੇ ਰਾਏਸਰ ਦੀਆਂ ਸਿੰਘ ਸਭਾਵਾਂ ਅਤੇ ਹੋਰ ਬੁੱਧੀਜੀਵੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ, ਜਿਸ ਵਿੱਚ ਸੰਪ੍ਰਦਾਇ ਕਾਰ ਸੇਵਾ ਸਰਹਾਲੀ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਫੈਸਲੇ ਦੇ ਸਮੂਹ ਸਿੰਘ ਸਭਾਵਾਂ ਅਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਹਾਰਦਿਕ ਸਵਾਗਤ ਕੀਤਾ ਗਿਆ। ਇਸ ਮੌਕੇ ਮੀਟਿੰਗ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਨਿਵਾਸ ਰਾਏਪੁਰ ਦੇ ਪ੍ਰਧਾਨ ਗਿਆਨ ਸੁਖਜਿੰਦਰ ਸਿੰਘ, ਗੁਰਦੁਆਰਾ ਸ਼ਹੀਦ ਉਧਮ ਸਿੰਘ ਨਗਰ ਟਾਟੀਬੰਧ ਦੇ ਪ੍ਰਧਾਨ ਮਹਿੰਦਰ ਸਿੰਘ ਖਾਲਸਾ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਤੇਲੀਬਧਾਧਾ ਦੇ ਨੁਮਾਇੰਦੇ ਸ੍ਰ. ਪ੍ਰਕਾਸ਼ ਸਿੰਘ, ਪ੍ਰਧਾਨ ਸ੍ਰ. ਰੰਧਾਵਾ ਸਿੰਘ, ਭਾਈ ਤਾਰੂ ਸਿੰਘ ☛(ਬਾਕੀ ਸਫਾ 2 'ਤੇ)

ਦਲਿਤਾਂ ਦੇ ਘਰ ਢਾਹੁਣ ਦਾ ਮਾਮਲਾ

ਜਾਂਚ ਟੀਮ ਵੱਲੋਂ ਭਗਵਾਨਪੁਰ ਦਾ ਦੌਰਾ

ਤਲਵੰਡੀ ਸਾਬੋਂ, 30 ਜਨਵਰੀ (ਰਣਜੀਤ ਸਿੰਘ ਰਾਜੂ)-ਨੇੜਲੇ ਪਿੰਡ ਭਗਵਾਨਪਰਾ ਵਿਖੇ ਬੀਤੇ ਦਿਨੀਂ ਜ਼ਿੰਮੀਦਾਰਾਂ ਵੱਲੋਂ ਦਲਿਤਾਂ ਦੇ ਘਰ ਢਾਹੁਣ ਅਤੇ ਅੱਗ ਲਾਉਣ ਦੀ ਘਟਨਾ ਦੀ ਚਰਚਾ ਹੁਣ ਪੰਜਾਬ ਦੀਆਂ ਬਰੂਹਾਂ ਤੋਂ ਨਿਕਲ ਕੇ ਰਾਸ਼ਟਰੀ ਪੱਧਰ ਤੇ ਪੁੱਜ ਗਈ ਹੈ। ਇਸੇ ਚਰਚਾ ਦਾ ਹੀ ਸਿੱਟਾ ਹੈ ਕਿ ਦਲਿਤਾਂ ਦੇ ਮਨੁੱਖੀ ਅਧਿਕਾਰਾਂ ਲਈ ਨੈਸ਼ਨਲ ਪੱਧਰ ਤੇ ਮੁਹਿੰਮ ਚਲਾ ਰਹੀ ਜੱਥੇਬੰਦੀ ਨੈਸ਼ਨਲ ਦਲਿਤ ਮੂਵਮੈਂਟ ਫਾਰ ਜਸਟਿਸ ਨਵੀਂ ਦਿੱਲੀ ਦੀ ਪੰਜਾਬ ਸ਼ਾਖਾ ਦੀ ਇੱਕ ਟੀਮ ਨੇ ਅੱਜ ਸਟੇਟ ਕੋ-ਆਰਡੀਨੇਟਰ ਅਸ਼ੋਕ ਮਹਿੰਦਰਾ ਦੀ ਅਗਵਾਈ ਹੇਠ ਪਿੰਡ ਭਗਵਾਨ ਪੁਰ ਦਾ ਦੌਰਾ ਕੀਤਾ ਅਤੇ ਸਾਰੇ ਘਟਨਾਕ੍ਰਮ ਦੀ ਜਾਣਕਾਰੀ ਲਈ। ਬਾਅਦ ਵਿੱਚ ਤਲਵੰਡੀ ਸਾਬੋਂ ਵਿਖੇ ਕੁੱਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟੀਮ ਦੇ ਆਗੂਆਂ ਨੇ ਇਸ ਪੂਰੇ ਘਟਨਾਕ੍ਰਮ ਤੇ ਜ਼ਿਲ੍ਹਾ ਪ੍ਰਸ਼ਾਸਨਕ ਅਧਿਕਾਰੀਆਂ ਦੀ ਭੂਮਿਕਾ 'ਤੇ ਨਰਾਜਗੀ ਪ੍ਰਗਟ ਕੀਤੀ। ਆਗੂਆਂ ਨੇ ਕਿਹਾ ਕਿ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀ ਭਾਵੇਂ ਲੱਖ ਦਾਅਵੇ ਕਰਦੇ ਰਹਿਣ, ਪ੍ਰੰਤੂ ਸੱਚਾਈ ਇਹ ਹੈ ਕਿ ਉਸ ਜਗ੍ਹਾ ਰਹਿ ਰਹੇ ਪੀੜ੍ਹਤਾਂ ਦੀ ਹਾਲਤ ਅਤਿ ਮਾੜੀ ਹੈ। ਉਨ੍ਹਾਂ ਨੂੰ ਕੋਈ ਤੰਬੂ ਨਹੀਂ ਮੁਹਈਆ ਕਰਵਾਏ, ਸਗੋਂ ਉਹ ਖੁੱਲ੍ਹੀਆਂ ਪੱਲੀਆਂ ਤਾਣ ਕੇ ਠੰਢ ਵਿੱਚ ਰਹਿ ਰਹੇ ਹਨ। ਉਨ੍ਹਾਂ ਲਈ ਨਾ ਤਾਂ ਹੀ ਅਜੇ ਤੱਕ ਸੁਰੱਖਿਆ ਦਾ ਕੋਈ ਖਾਸ ਇੰਤਜਾਮ ਹੈ ਤੇ ਨਾ ਅਜੇ ਤੱਕ ਉੱਥੇ ਲਾਈਟ ਦਾ ਹੀ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਬਾਅਦ ਦਲਿਤਾਂ ਦੇ ਬੱਚਿਆਂ ਤੱਕ ਵਿੱਚ ਇੰਨਾ ਡਰ ਬੈਠ ☛(ਬਾਕੀ ਸਫਾ 2 'ਤੇ)

ਗਿਰੀਜਾ ਵਿਆਸ ਅਤੇ ਬੂਟਾ ਸਿੰਘ ਨੂੰ ਸੌਂਪਣਗੇ ਆਪਣੀ ਰਿਪੋਰਟ

ਸੁਖਬੀਰ ਸਿੰਘ ਵਾਹਲਾ ਸ਼ੂਗਰਫੈਡ ਦੇ ਨਵੇਂ ਚੇਅਰਮੈਨ ਨਿਯੁਕਤ

ਚੰਡੀਗੜ੍ਹ, 30 ਜਨਵਰੀ (ਵਿਸ਼ਵ ਵਾਰਤਾ)-ਪੰਜਾਬ ਸਰਕਾਰ ਨੇ ਸ਼੍ਰੀ ਸੁਖਬੀਰ ਸਿੰਘ ਵਾਹਲਾ ਨੂੰ ਸ਼ੂਗਰਫੈਡ ਦੇ ਨਵੇਂ ਚੇਅਰਮੈਨ ਨਿਯੁਕਤ ਕੀਤਾ ਹੈ। ਇਹ ਹੁਕਮ ਤਰੁੰਤ ਲਾਗੂ ਹੋ ਗਏ ਹਨ। ਇਸ ਦਾ ਪ੍ਰਗਟਾਵਾ ਕਰਦੇ ਹੋਏ ਅੱਜ ਏਥੇ ਮੁੱਖ ਮੰਤਰੀ ਦੇ ਦਫਤਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਸ੍ਰੀ ਸੁਖਬੀਰ ਸਿੰਘ ਵਾਹਲਾ ਗੁਰਦਾਸਪੂਰ ਜਿਲੇ ਦੀ ਤਹਿਸੀਲ ਬਟਾਲਾ ਦੇ ਨਵਾਂ ਪਿੰਡ ਦੇ ਰਹਿਣ ਵਾਲੇ ਹਨ। ਉਨ੍ਹਾਂ ਦੀ ਨਿਯੁਕਤੀ ਸ਼ੂਗਰਫੈਡ ਦੇ ਸਾਬਕਾ ਚੇਅਰਮੈਨ ਸ਼੍ਰੀ ਪ੍ਰੀਤਮ ਸਿੰਘ ਕੋਂ'ਟਾ ਦੀ ਥਾਂ ਕੀਤੀ ਗਈ ਹੈ ਜਿਨ੍ਹਾਂ ਦਾ ਹਾਲ ਹੀ ਵਿਚ ਦੇਹਾਂਤ ਹੋ ਗਿਆ ਸੀ।

ਚੌਧਰੀ ਓਮ ਪ੍ਰਕਾਸ਼ ਲੱਗੇ ਮਾਰਕੀਟ ਕਮੇਟੀ ਦੇ ਚੇਅਰਮੈਨ

ਨੂਰਪੁਰ ਬੇਦੀ, 30 ਜਨਵਰੀ (ਬਲਵਿੰਦਰ ਰੈਤ/ਜਗਦੀਪ ਸ਼ਰਮਾ)-ਇੱਥੋਂ ਨਜ਼ਦੀਕੀ ਪਿੰਡ ਆਜ਼ਮਪੁਰ ਦੇ ਗੁਜਰ ਨੇਤਾ ਚੌਧਰੀ ਓਮ ਪ੍ਰਕਾਸ਼ ਨੂੰ ਮਾਰਕੀਟ ਕਮੇਟੀ ਆਨੰਦਪੁਰ ਸਾਹਿਬ ਦਾ ਚੇਅਰਮੈਨ ☛(ਬਾਕੀ ਸਫਾ 2 'ਤੇ)

ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਦਾ ਐਲਾਨ ਅੱਜ ਸੰਭਵ

ਚੰਡੀਗੜ੍ਹ, 30 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)—ਪੰਜਾਬ ਪ੍ਰਦੇਸ਼ ਭਾਜਪਾ ਦੇ ਪ੍ਰਦਾਨ ਦੀ ਚੋਣ ਕਰਵਾਉਣ ਲਈ ਸਟੇਟ ਅਬਜ਼ਰਵਰ ਅਤੇ ਸਾਬਕਾ ਕੇਂਦਰੀ ਮੰਤਰੀ ਸੁਮਿਤਰਾ ਮਹਾਜਨ ਚੰਡੀਗੜ੍ਹ ਦੁਪਹਿਰ ਬਾਅਦ ਪਹੁੰਚ ਗਈ ਹੈ। ਪ੍ਰਧਾਨਗੀ ਪੱਦ ਲਈ ਉਮੀਦਵਾਰਾਂ ਵੱਲੋਂ 31 ਜਨਵਰੀ ਤੱਕ ਕਾਰਜ ਦਾਖਲ ਕਰਦੇ ਹਨ। ਅਗਰ ਪ੍ਰਧਾਨਗੀ ਪੱਦ ਲਈ ਇੱਕ ਤੋਂ ਜ਼ਿਆਦਾ ਉਮੀਦਵਾਰਾਂ ਨੇ 31 ਜਨਵਰੀ ਤੱਕ ਕਾਗਜ ਦਾਖਲ ਕੀਤੇ ਤਾਂ ਡੈਲੀਗੇਟ ਵੋਟਾਂ ਪਾ ਕੇ ਪ੍ਰਧਾਨ ਚੁਣਨਗੇ। ਇਸ ਅਹੁਦੇ ਲਈ ਇਸ ਸਮੇਂ ਤੋਂ ਸਰਗਰਮ ਭਾਜਪਾ ਦੇ ਮੌਜੂਦਾ ਜਨਰਲ ਸੈਕਟਰੀ ਕਮਲ ਸ਼ਰਮਾ ਅਤੇ ਇੱਕ ਹੋਰ ਸੀਨੀਅਰ ਭਾਜਪਾ ਆਘੂ ਅਸ਼ਵਨੀ ਕੁਮਾਰ ਸ਼ਰਮਾ ਪੂਰੇ ਸਰਗਰਮ ਹਨ ਅਤੇ ਪੂਰੀ ਨੱਠਭੱਜ ਕਰ ਰਹੇ ਹਨ। ਇਨ੍ਹਾਂ ਤੋਂ ਇਲਾਵਾ ਭਾਜਪਾ ਦੇ ਸਾਬਕਾ ਮੰਤਰੀ ਬਲਰਾਮ ਜੀ ਦਾਸ ਟੰਡਨ ਅਤੇ ਸਾਬਕਾ ਮੰਤਰੀ ਮਦਨ ਮੋਹਨ ਮਿੱਤਲ ਵੀ ਪ੍ਰਧਾਨਗੀ ਪੱਦ ਲਈ ਉਮੀਦਵਾਰ ਹਨ। ਇਨ੍ਹਾਂ ਦੇ ਨਾਲ ਹੀ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਸ੍ਰੀ ਅਵਿਨਾਸ਼ ਰਾਏ ਖੰਨਾ, ਵਿਨੋਦ ਸ਼ਰਮਾ ਵੀ.ਕੇ. ਸ਼ਾਮਲ ਵੀ ਸਨ। ਵੈਸੇ ਇਸ ਸਮੇਂ ਪ੍ਰਧਾਨਗੀ ਪੱਦ ਲਈ ਭਾਜਪਾ ਆਲਾ ਕਮਾਨ ਵਿੱਚ ਮੌਜੂਦਾ ਪ੍ਰਦੇਸ਼ ਭਾਜਪਾ ਜਨਰਲ ਸੈਕਟਰੀ ਕਮਲ ਕੁਮਾਰ ਸ਼ਰਮਾ ਦਾ ਨਾਂਅ ਸਭ ਤੋਂ ਉੱਤੇ ਹੈ। ਉੱਧਰ ਭਾਜਪਾ ਆਲਾ ਕਮਾਨ ਦੀ ਨਵੀਂ ਨੀਤੀ ਨਾਲ ਦੋ ਸਾਬਕਾ ਮੰਤਰੀਆਂ ਬਲਰਾਮ ਜੀ ਦਾਸ ਟੰਡਨ ਅਤੇ ਮਦਨ ਮੋਹਨ ਮਿੱਤਲ ਇਸ ਦੌੜ ਤੋਂ ਨਿਕਲ ਜਾਂਦੇ ਹਨ, ਕਿਉਂਕਿ ਭਾਜਪਾ ਦੇ ਨਵੇਂ ਪ੍ਰਧਾਨ ਨਿਤਿਨ ਗਡਕਰੇ ਵੱਲੋਂ ਜੋ ਨੀਤੀ ਅਪਨਾਈ ਜਾ ਰਹੀ ਹੈ। ਉਸ ਮੁਤਾਬਕ ਉਹ ਪ੍ਰਧਾਨ ਮੰਤਰੀ ਪੱਦ ਲਈ ਨਵੇਂ ਚਿਹਰਿਆਂ ਨੂੰ ਐਸੇ ਲਿਆਂਦਾ ਜਾਣਾ ਹੈ। ਜਦੋਂਕਿ ਉਮਰ ਵੀ 60 ਸਾਲ ਤੋਂ ਥੱਲੇ ਵਾਲਾ ਵਿਅਕਤੀ ਚਾਹੀਦਾ ਹੈ। ਇਸ ਲਈ ਇਸ ਅਹੁਦੇ ਲਈ ਫਿਰ ਦੋ ਨਾਂਅ ਹੀ ਰਹਿ ਜਾਂਦੇ ਹਨ, ਜਿਨ੍ਹਾਂ ☛(ਬਾਕੀ ਸਫਾ 2 'ਤੇ)

ਭਾਜਪਾ ਦੀਆਂ ਜੱਥੇਬੰਦਕ ਚੋਣਾਂ ਬਾਰੇ ਭੰਬਲਭੂਸਾ

ਨੰਗਲ, 30 ਜਨਵਰੀ (ਬਲਵਿੰਦਰ ਰੈਤ)-ਭਾਜਪਾ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕਰਵਾਈਆਂ ਜਾ ਰਹੀਆਂ ਸੰਗਠਨ ਚੋਣਾਂ ਮੁਕੰਮਲ ਹੋਣ ਤੋਂ ਪਹਿਲਾਂ ਹੀ ਜ਼ਿਲ੍ਹਾ ਰੋਪੜ ਦੇ ਭਾਜਪਾ ਵਰਕਰਾਂ ਵਿੱਚ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ। ਜਿਕਰਯੋਗ ਹੈ ਕਿ ਬੀਤੇ ਦਿਨੀਂ ਪੰਜਾਬ ਭਾਜਪਾ ਵੱਲੋਂ ਜ਼ਿਲ੍ਹਾ ਰੋਪੜ ਵਿੱਚ ਪੈਂਦੇ 9 ਮੰਡਲਾਂ ਦੇ ਪ੍ਰਧਾਨਾਂ ਦੀ ਚੋਣ ਲਈ ਪੰਜਾਬ ਲਘੂ ਉਦਯੋਗ ਬੋਰਡ ਦੇ ਚਅਰਮੈਨ ਡੀ.ਪੀ. ਚੰਦਨ ਨੂੰ ਇੰਚਾਰਜ ਨਿਯਕਤ ਕੀਤਾ ਗਿਆ ਹੈ। ਨਿਯੁਕਤੀ ਤੋਂ ਬਾਅਦ ਸ੍ਰੀ ਚੰਦਨ ਨੇ ਆਨੰਦਪੁਰ ਸਾਹਿਬ ਸਹਿਤ ਜ਼ਿਲ੍ਹੇ ਦੇ ਸਾਰੇ ਮੰਡਲ ਪ੍ਰਧਾਨਾਂ ਦੀ ਚੋਣ ਲਈ ਵਖ-ਵੱਖ ਇੰਚਾਰਜ ਨਿਯੁਕਤ ਕੀਤੇ ਸਨ। ਇਸ ਤੋਂ ਬਾਅਦ ਮੰਡਲਾਂ ਦੀ ਪ੍ਰਧਾਨਗੀ ਦੇ ਦਾਅਵੇਦਾਰਾਂ ਵੱਲੋਂ ਜੋੜ-ਤੋੜ ਸ਼ੁਰੂ ਕਰ ਦਿੱਤੇ ਗਏ ਸੀ। ਅੱਜ ਸਥਿਤੀ ਉਸ ਵੇਲੇ ਭੰਬਲਭੂਸੇ ਵਾਲੀ ਬਣ ਗਈ, ਜਦੋਂ ਜ਼ਿਲ੍ਹਾ ਭਾਜਪਾ ਦੇ ਪ੍ਰਧਾਨ ਭੁਪਿੰਦਰ ਨਾਥ ਦੀਵਾਨ ਅਤੇ ਜ਼ਿਲ੍ਹੇ ਦੇ ਪਾਰਟੀ ਦੀ ਮੈਂਬਰਸ਼ਿਪ ਦੇ ਇੰਚਾਰਜ ਵਿਜੈ ਪੁਰੀ ਵੱਲੋਂ ਇਹ ਕਿਹਾ ਗਿਆ ਹੈ ਕਿ ਪਾਰਟੀ ☛(ਬਾਕੀ ਸਫਾ 2 'ਤੇ)

ਸਿੱਖ ਪੰਥ ਦੀ ਚੜ੍ਹਦੀ ਕਲਾ ਨੂੰ ਹਮੇਸ਼ਾ ਸਮਰਪਿਤ ਰਹੇ ਭਾਈ ਫ਼ਤਿਹ ਸਿੰਘ ਰਾਉਕੇ

ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਅੱਜ

ਮਲਕੀਤ ਸਿੰਘ ਬਰਾੜ

ਦੇਸ਼, ਕੌਮ ਅਤੇ ਧਰਮ ਦੀ ਸੇਵਾ ਦਾ ਜ਼ਜਬਾ ਅਜਿਹਾ ਹੈ ਕਿ ਜਿਸ ਦੇ ਸਿਰ ਚੜ੍ਹ ਕੇ ਬੋਲਣ ਲੱਗ ਪਵੇ ਉਹ ਆਪਣੇ ਤਨ, ਮਨ ਨਾਲ ਇਸ ਜ਼ਜਬੇ ਵਿੱਚ ਇਸ ਤਰ੍ਹਾਂ ਰੰਗਿਆ ਜਾਂਦਾ ਹੈ ਕਿ ਆਪਣੇ ਨਿੱਜੀ ਪਰਿਵਾਰਕ ਹਿੱਤਾਂ ਨਾਲ ਜੁੜੇ ਸਰੋਕਾਰਾਂ ਨੂੰ ਅਜਿਹਾ ਵਿਅਕਤੀ ਆਪਣੇ ਨਾਲੋਂ ਤੋੜਦਾ ਹੋਇਆ ਸਿਰਫ਼ ਆਪਣੀ ਕੌਮ ਅਤੇ ਸਮਾਜ ਦੇ ਹਿੱਤਾਂ ਨੂੰ ਹੀ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਰਹਿ ਜਾਂਦਾ ਹੈ। ਬਿਲਕੁਲ ਅਜਿਹੇ ਹੀ ਸਨ ਸਿੱਖੀ ਧਾਰਮਿਕ ਰਵਾਇਤਾਂ ਅਨੁਸਾਰ ਜੀਵਨ ਜੀਉਣ ਵਾਲੇ ਭਾਈ ਫ਼ਤਿਹ ਸਿੰਘ ਰਾਉਕੇ। ਭਾਈ ਫ਼ਤਿਹ ਸਿੰਘ ਰਾਉਕੇ ਨੇ ਸਿੱਖੀ ਸੇਵਾ ਵਿੱਚ ਦਾਖਲਾ 20ਵੀਂ ਸਦੀ ਦੇ ਮਹਾਨ ਜਰਨੈਲ ਦਮਦਮੀ ਟਕਸਾਲ ਦੇ ਮੁੱਖੀ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਪ੍ਰੇਰਨਾ ਨਾਲ ਸਿੱਖ ਕੌਮ ਦੀ ਸੇਵਾ ਦੇ ਮਿਸ਼ਨ ਨਾਲ ਆਰੰਭੇ ਅੰਦੋਲਨ ਵਿੱਚ ਹਿੱਸਾ ਲੈਂਦਿਆ ਪ੍ਰਾਪਤ ਕਰ ਲਿਆ ਸੀ। ਇਸ ਦੌਰਾਨ ਉਹ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਹੋਰਾਂ ਦੇ ਨਾਲ ਵਿਚਰਦਿਆਂ। ਸਿੱਖ ਧਾਰਮਿਕ ਸੇਵਾਵਾਂ ਵਿੱਚ ਵੀ ਜੁੜ ਗਏ। ਸਿੰਘ ਸਾਹਿਬ ਜੀ ਦੇ ਨਾਲ ਪੰਥਕ ਸੇਵਾਵਾਂ ਨਿਭਾਉਂਣ ਦੇ ਨਾਲ-ਨਾਲ ਉਨ੍ਹਾਂ ਨੇ ਸਿੰਘ ਸਾਹਿਬ ਜੀ ਦੇ ਡਰਾਇਵਰ ਅਤੇ ਸਹਾਇਕ ਵਜੋਂ ਵੀ ਮਹੱਤਵਪੂਰਨ ਜ਼ਿੰਮੇਵਾਰੀਆਂ ਨਿਭਾਈਆਂ। ਭਾਈ ਫ਼ਤਿਹ ਸਿੰਘ ਰਾਉਕੇ ਨੇ ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਜਿਨ੍ਹਾਂ ਨੇ ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਹੁੰਦਿਆਂ ਸਮੁੱਚੀ ਸਿੱਖ ਕੌਮ ਨੂੰ ਇੱਕ ਝੰਡੇ ਹੇਠ ਇਕੱਠੇ ਕੀਤਾ ਅਤੇ ☛(ਬਾਕੀ ਸਫਾ 2 'ਤੇ)

'ਅੱਜ ਦੀ ਅਵਾਜ਼' ਨੂੰ ਸੰਗਰੂਰ ਤੋਂ ਜ਼ਿਲ੍ਹਾ ਇੰਚਾਰਜ ਦੀ ਜ਼ਰੂਰਤ

ਅਦਾਰਾ 'ਅੱਜ ਦੀ ਅਵਾਜ਼' ਨੂੰ ਸੰਗਰੂਰ ਤੋਂ ਇੱਕ ਯੋਗ ਅਤੇ ਮਿਹਨਤੀ ਜ਼ਿਲ੍ਹਾ ਇੰਚਾਰਜ ਦੀ ਜ਼ਰੂਰਤ ਹੈ। ਜ਼ਿਲ੍ਹਾ ਇੰਚਾਰਜ ਨੂੰ ਪੱਤਰਕਾਰਤਾ ਦੇ ਨਾਲ-ਨਾਲ ਪੂਰੇ ਜ਼ਿਲ੍ਹੇ ਵਿੱਚ ਸਾਰੇ ਸਟੇਸ਼ਨਾਂ ਦੇ ਕੰਮ-ਕਾਜ ਦੀ ਨਿਗਰਾਨੀ ਕਰਨੀ ਹੋਵੇਗੀ। ਲਿਆਕਤ ਅਤੇ ਤਜਰਬੇ ਵਾਲੇ ਪੱਤਰਕਾਰ ਤੁਰੰਤ ਫੋਨ ਨੰ. 0181- 4626370 , 2235707 'ਤੇ ਸੰਪਰਕ ਕਰਨ।

-ਸੰਪਾਦਕ

ਰੋਜ਼ਾਨਾ 'ਅੱਜ ਦੀ ਆਵਾਜ਼' ਦੇ ਪੱਤਰਕਾਰਾਂ ਦੀ ਮੀਟਿੰਗ 3 ਨੂੰ

ਰੋਜ਼ਾਨਾ 'ਅੱਜ ਦੀ ਆਵਾਜ਼' ਦੇ ਸਮੂਹ ਪੱਤਰਕਾਰਾਂ ਦੀ ਵਿਸ਼ੇਸ਼ ਬੈਠਕ 3 ਫਰਵਰੀ 2010 ਦਿਨ ਬੁੱਧਵਾਰ ਨੂੰ ਦੁਪਹਿਰ 11 ਵਜੇ ਅਖ਼ਬਾਰ ਦੇ ਮੁੱਖ ਦਫ਼ਤਰ ਜਲੰਧਰ ਵਿਖੇ ਰੱਖੀ ਗਈ ਹੈ। ਮੀਟਿੰਗ ਵਿੱਚ ਅਖਬਾਰ ਦੀਆਂ ਅਗਲੀਆਂ ਯੋਜਨਾਵਾਂ ਬਾਰੇ ਚਰਚਾ ਹੋਵੇਗੀ ਅਤੇ ਪੱਤਰਕਾਰਾਂ ਕੋਲੋਂ ਸੁਝਾਅ ਮੰਗੇ ਜਾਣਗੇ। ਇਸ ਮੌਕੇ 'ਤੇ ਪੱਤਰਕਾਰਾਂ ਨੂੰ ਨਵੇਂ ਅਧਿਕਾਰ ਪੱਤਰ ਅਤੇ ਸ਼ਨਾਖ਼ਤੀ ਕਾਰਡ ਵੀ ਜਾਰੀ ਕੀਤੇ ਜਾਣਗੇ। ਪੱਤਰਕਾਰ ਇਸ ਮੌਕੇ 'ਤੇ ਆਪਣੇ ਬਕਾਏ ਵੀ ਨਾਲ ਲੈ ਕੇ ਆਉਣ।

-ਮੈਨੇਜਰ

ਕੀ ਪੁਰੇਵਾਲ ਦਾ ਕਥਿਤ ਨਾਨਕਸ਼ਾਹੀ ਕੈਲੰਡਰ ਇੱਕ ਹਿੰਦੂ ਜੰਤਰੀ ਦੀ ਨਕਲ ਸੀ !

ਜਲੰਧਰ, 30 ਜਨਵਰੀ (ਆਵਾਜ਼ ਬਿਊਰੋ)-ਨਾਨਕਸ਼ਾਹੀ ਜੰਤਰੀ ਬਾਰੇ ਛਿੜੇ ਵਿਵਾਦ ਪਿੱਛੋਂ ਸਿੱਖ ਪੰਥ ਵਿੱਚ ਇਸ ਸਵਾਲ 'ਤੇ ਬੜੀ ਸ਼ਿੱਦਤ ਨਾਲ ਚਰਚਾ ਹੋ ਰਹੀ ਹੈ ਕਿ ਪਾਲ ਸਿੰਘ ਪੁਰੇਵਾਲ ਵੱਲੋਂ ਤਿਆਰ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਹੀ ਇੱਕ ਹਿੰਦੂ ਜੰਤਰੀ ਦੀ ਨਕਲ ਸੀ। ਇਸ ਚਰਚਾ ਦੌਰਾਨ ਪੁਰੇਵਾਲ ਦੇ ਕਥਿਤ ਨਾਨਕਸ਼ਾਹੀ ਕੈਲੰਡਰ ਬਾਰੇ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਪੰਥਕ ਵਿਦਵਾਨਾਂ ਮੁਤਾਬਕ ਪੁਰੇਵਾਲ ਵੱਲੋਂ ਨਿਰਮਿਤ ਨਾਨਕਸ਼ਾਹੀ ਕੈਲੰਡਰ ਹਿੰਦੂਆਂ ਦੇ ਪੁਰਾਤਨ ਧਾਰਮਿਕ ਕੈਲੰਡਰ ਸਾਕਾ ਸੰਮਤ 'ਤੇ ਆਧਾਰਤ ਹੈ। ਸਾਕਾ ਸੰਮਤ ਉਹ ਹਿੰਦੂ ਜੰਤਰੀ ਹੈ, ਜਿਸ ਨੂੰ ਹਿੰਦੋਸਤਾਨ ਦੀ ਹਿੰਦੂਵਾਦੀ ਸਰਕਾਰ ਨੇ ਤਤਕਾਲੀ ਸਿੱਖ ਵਿਰੋਧੀ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਹੇਠ ਸੰਨ 1959 ਵਿੱਚ ਸਰਕਾਰੀ ਕੈਲੰਡਰ ਵੱਜੋਂ ਮਾਨਤਾ ਦਿੱਤੀ ਸੀ। ਇਸ ਹਿੰਦੂ ਜੰਤਰੀ ਵਿੱਚ ਹਿੰਦੂ ਰਿਵਾਇਤਾਂ ਮੁਤਾਬਕ ਤਿੱਥ ਤਿਉਹਾਰ ਤੈਅ ਕੀਤੇ ਗਏ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਤੱਥ ਹੁਣ ਤੱਕ ਸਿੱਖ ਪੰਥ ਤੋਂ ਕਿਉਂ ਛੁਪਿਆ ਰਿਹਾ। ਪੁਰੇਵਾਲ ਨੇ ਸਾਕਾ ਸੰਮਤ ਦੀ ਕਾਰਬਨ ਕਾਪੀ ਤੋਂ ਹੀ ਨਾਨਕਸ਼ਾਹੀ ਕੈਲੰਡਰ ਬਣਾ ਲਿਆ ਹੈ। ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਸਮੇਂ ਛਾਪੀ ਗਈ ਪਹਿਲੀ ਜੰਤਰੀ ਦੀ ਭੂਮਿਕਾ ਵਿੱਚ ਹੀ ਇਸ ਗੱਲ ਦਾ ਥੋੜ੍ਹਾ ਜਿਹਾ ਜਿਕਰ ਕੀਤਾ ਗਿਆ ਹੈ ਕਿ ਨਾਨਕਸ਼ਾਹੀ ਕੈਲੰਡਰ ਸਾਕਾ ਸੰਮਤ ਨੂੰ ਆਧਾਰ ਬਣਾ ਕੇ ਘੜਿਆ ਗਿਆ ਹੈ। ਇਸ ਕਥਿਤ ਸਿੱਖ ਕੈਲੰਡਰ ਦੇ ਨਿਰਮਾਤਾ ਸ. ਪਾਲ ਸਿੰਘ ਪੁਰੇਵਾਲ ਵੱਲੋਂ ਲਿਖੀ ਕਿਤਾਬ Jantri 500 years' ਵਿੱਚ ਵੀ ਇਸ ਗੱਲ ਦਾ ਜ਼ਿਕਰ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੁਰੇਵਾਲ ਵੱਲੋਂ ਬਣਾਏ ਗਏ ਕੈਲੰਡਰ ਦੇ ਹਿਮਾਇਤੀ ਹੁਣ ਇਹ ਪ੍ਰਚਾਰ ਕਰ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਤਿਆਰ ਕੀਤੇ ਗਏ ਨਵੇਂ ਨਾਨਕਸ਼ਾਹੀ ਕੈਲੰਡਰ ਵਿੱਚ ਇੱਕ ਹਿੰਦੂ ਜੰਤਰੀ ਬਿੱਕਰਮੀ ਸੰਮਤ ਮੁਤਾਬਕ ਸੋਧਾਂ ਕੀਤੀਆਂ ਗਈਆਂ ਹਨ। ਸਵਾਲ ਇਹ ਪੁਛਿਆ ਜਾ ਰਿਹਾ ਹੈ ਕਿ ਹਿੰਦੂ ਕੈਲੰਡਰ ਦੀ ਨਕਲ ਪੁਰੇਵਾਲ ਸਾਹਿਬ ਵੱਲੋਂ ਬਣਾਇਆ ਗਿਆ ਕੈਲੰਡਰ ਸੀ ਜਾਂ ਹੁਣ ਸੋਧ ਕੇ ਬਣਾਇਆ ਗਿਆ ਨਾਨਕਸ਼ਾਹੀ ਕੈਲੰਡਰ ਹੈ।

ਫੋਕਸ/ਜੰਤਰੀ ਵਿਵਾਦ

ਨਵੇਂ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਸੰਤ ਸਮਾਜ ਅਤੇ ਦਮਦਮੀ ਟਕਸਾਲ ਵੱਲੋਂ ਵੀ ਇਸ ਨੁਕਤੇ 'ਤੇ ਸਿੱਖ ਪੰਥ ਨੂੰ ਜਾਗਰਿਤ ਕਰਨ ਲਈ ਲੋੜੀਂਦੇ ਯਤਨ ਹਾਲੇ ਨਹੀਂ ਕੀਤੇ ਗਏ। ਦਮਦਮੀ ਟਕਸਾਲ ਦੇ ਮੁੱਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਭਾਈ ਜਸਵੀਰ ਸਿੰਘ ਖਾਲਸਾ ਵੀ ਇਸ ਗੱਲ ਤੋਂ ਜਾਣੂੰ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਤੱਥ ਹੌਲੀ-ਹੌਲੀ ਲੋਕਾਂ ਤੱਕ ਪਹੁੰਚ ਰਿਹਾ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਹੈ ਕਿ ਨਵਾਂ ਨਾਨਕਸ਼ਾਹੀ ਕੈਲੰਡਰ ਸਿੱਖ ਇਤਿਹਾਸ ਅਤੇ ਮਰਿਯਾਦਾ ਨੂੰ ਧਿਆਨ ਵਿੱਚ ਰੱਖ ਕੇ ਹੀ ਬਣਾਇਆ ਗਿਆ ਹੈ। ਇਸ ਵਿੱਚ ਕੋਈ ਵੀ ਸੋਧ ਕਿਸੇ ਵੀ ਹਿੰਦੂ ਜੰਤਰੀ ਨੂੰ ਆਧਾਰ ਬਣਾ ਕੇ ਨਹੀਂ ਕੀਤੀ ਗਈ।

ਉਨ੍ਹਾਂ ਦਾ ਕਹਿਣਾ ਹੈ ਕਿ ਕੁੱਝ ਪੰਥ ਵਿਰੋਧੀ ਸ਼ਕਤੀਆਂ ਨਵੇਂ ਨਾਨਕਸ਼ਾਹੀ ਕੈਲੰਡਰ ਬਾਰੇ ਬੇਲੋੜਾ ਵਾਵੇਲਾ ਖੜ੍ਹਾ ਕਰ ਰਹੀਆਂ ਹਨ ਤਾਂ ਜੋ ਸਿੱਖ ਪੰਥ ਇਸ ਅਹਿਮ ਦਸਤਾਵੇਜ਼ ਦੇ ਮੁੱਦੇ 'ਤੇ ਇੱਕ ਮਤ ਨਾ ਹੋ ਸਕੇ। ਉਨ੍ਹਾਂ ਦਾ ਖਿਆਲ ਹੈ ਕਿ ਕੌਮੀ ਜੰਤਰੀ ਦਾ ਮਹੱਤਵਪੂਰਨ ਦਿਹਾੜਿਆਂ, ਤਿਉਹਾਰਾਂ, ਘਟਨਾ ਪਰੰਪਰਾਵਾਂ ਅਤੇ ਰਵਾਇਤਾਂ ਦੀ ਨਿਸ਼ਾਨਦੇਹੀ ਕਰਨੀ ਹੁੰਦੀ ਹੈ ਪਰ ਜਿਸ ਕੈਲੰਡਰ ਵਿਚਲੀਆਂ ਤਰੀਕਾਂ ਇਤਿਹਾਸਕ ਤੱਥਾਂ ਨਾਲ ਮੇਲ ਨਾ ਖਾਂਦੀਆਂ ਹੋਣਗੀਆਂ ਤਾਂ ਕੀ ਉਸ ਨੂੰ ਕੌਮੀ ਜੰਤਰੀ ਕਰਾਰ ਦਿੱਤਾ ਜਾ ਸਕਦਾ ਹੈ।

ਸਿੱਖ ਹਲਕੇ ਇਸ ਗੱਲ ਤੋਂ ਵੀ ਹੈਰਾਨ ਹਨ ਕਿ 2003 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਅੱਧਾ-ਅਧੂਰਾ ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਸਮੇਂ ਪਿਛਲੇ 400 ਸਾਲਾਂ ਦੇ ਸਿੱਖ ਇਤਿਹਾਸ ਦੇ ਪ੍ਰਮੁੱਖ ਇਤਿਹਾਸਕ ਗ੍ਰੰਥਾਂ ਅਤੇ ਇਤਿਹਾਸਕ ਸ੍ਰੋਤਾਂ ਨੂੰ ਨਜ਼ਰਅੰਦਾਜ਼ ਕਿਉਂ ਕੀਤਾ ਗਿਆ? ਭਾਈ ਗੁਰਦਾਸ ਜੀ ਦੇ ਕਥਨ ਕਿ "ਗੁਰਬਾਣੀ ਤਿਨਾ ਗੁਰਸਿੱਖਾ ਭਾਇ ਭਗਤ ਗੁਰਪੁਰਬ ਕਰੰਦੇ" ਦੇ ਹਵਾਲੇ ਤੋਂ ਸਿੱਧ ਹੁੰਦਾ ਹੈ ਕਿ ਸਿੱਖ ਸੰਗਤਾ ਗੁਰੂ ਕਾਲ ਤੋਂ ਹੀ ਆਪਣੇ ਵੱਲੋਂ ਸਤਿਗੁਰਾਂ ਦੇ ਗੁਰਪੁਰਬ, ਦਿਹਾੜੇ ਤੇ ਹੋਰ ਦਿਨ-ਤਿਉਹਾਰ ਮਨਾਉਂਦੇ ਆ ਰਹੇ ਹਨ। ਫਿਰ ਸਾਡੇ ਇਨ੍ਹਾਂ ਸੱਜਣਾਂ ਨੂੰ ਇਹ ਅਧਿਕਾਰ ਕਿਸ ਨੇ ਦਿੱਤੇ ਕਿ ਸਾਰੇ ਸਤਿਗੁਰੂ ਸਾਹਿਬਾਨ ਦੇ ਗੁਰਪੁਰਬ ਦੀਆ ਤਰੀਕਾਂ ਬਦਲ ਕੇ ਅਸਲ ਇਤਿਹਾਸਕ ਤੱਥਾਂ ਨਾਲੋਂ ਵੱਡਾ ਫ਼ਰਕ ਪਾ ਦਿੱਤਾ ਗਿਆ ਅਤੇ ਆਪਣੀ ਮਨਮਤੀ ਨਾਲ ਤਰੀਕਾਂ ਲਿਖ ਲਈਆਂ। ਪੁਰੇਵਾਲ ਅਤੇ ਉਨ੍ਹਾਂ ਦੇ ਹਿਮਾਇਤੀ ਕੌਮ ਨੂੰ ਇਹ ਗੱਲ ਵੀ ਸਪੱਸ਼ਟ ਨਹੀਂ ਕਰ ਸਕੇ ਕਿ ਉਨ੍ਹਾਂ ਵੱਲੋਂ ਬਣਾਈ ਗਈ ਜੰਤਰੀ ਵਿੱਚ ਨਿਸ਼ਚਿਤ ਕੀਤੀਆ ☛(ਬਾਕੀ ਸਫਾ 2 'ਤੇ)

ਬੀਬੀ ਭੱਠਲ ਦੀ ਤਪਾ ਫੇਰੀ 'ਤੇ 'ਜੀ ਆਇਆਂ ਨੂੰ'

ਬੀਬੀ ਰਾਜਿੰਦਰ ਕੌਰ ਭੱਠਲ ਸਾਬਕਾ ਮੁੱਖ ਮੰਤਰੀ

ਸ. ਕੁਲਦੀਪ ਭੱਠਲ ਹਲਕਾ ਵਿਧਾਇਕ

ਸ. ਬਲਵੀਰ ਸਿੰਘ ਧਾਲੀਵਾਲ ਸਾਬਕਾ ਪ੍ਰਧਾਨ ਨਗਰ ਕੌਂਸਲ

16ਵਾਂ ਸ਼ਾਨਦਾਰ ਕਬੱਡੀ ਟੂਰਨਾਮੈਂਟ ਦੇ ਇਨਾਮ ਵੰਡ ਸਮਾਰੋਹ ਵਿੱਚ ਪਹੁੰਚਣ ਤੇ ਬੀਬੀ ਰਾਜਿੰਦਰ ਕੌਰ ਭੱਠਲ ਨੂੰ ਜੀ ਆਇਆਂ

ਵੱਲੋਂ:-

ਬਾਬਾ ਹੀਰਾ ਸਿੰਘ ਅਤੇ ਮਾਤਾ ਹਰਨਾਮ ਕੌਰ ਭੱਠਲ ਯਾਦਗਾਰੀ ਸਪੋਰਟਸ ਕਲੱਬ (ਰਜਿ.) ਤਪਾ

ਸ. ਅਮਰਜੀਤ ਸਿੰਘ ਧਾਲੀਵਾਲ ਜੁਆਇੰਟ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਆਈ